# BC HANDS & VOICES

*"What works for your child is what makes the choice right."™*

BC Hands & Voices is a parent-driven, non-profit organization dedicated to supporting families with children who are deaf or hard of hearing.




## Supporting a Hard of Hearing Child Through Kindergarten: What I Learned as a Parent

By Stella Lee


# ਉੱਚਾ ਸੁਣਨ ਵਾਲੇ ਬੱਚੇ ਦਾ ਕਿੰਡਰਗਾਰਟਨ ਦੌਰਾਨ ਸਮਰਥਨ ਕਰਨਾ: ਇਕ ਮਾਪੇ ਵਜੋਂ ਮੈਂ ਕੀ ਸਿੱਖਿਆ

ਟੈਰੀਸਾ ਕੈਜ਼ਮੀਰ

ਜਦੋਂ ਮੇਰੇ ਬੇਟੇ ਮਾਰਕਸ ਨੇ ਜੂਨ 2025 ਵਿੱਚ ਕਿੰਡਰਗਾਰਟਨ ਖਤਮ ਕੀਤਾ ਤਾਂ ਮੈਂ ਇਹ ਵਿਚਾਰਨ ਲਈ ਸਮਾਂ ਕੱਢਿਆ ਕਿ ਉਹ ਕਿੱਥੋਂ ਤੱਕ ਪਹੁੰਚਿਆ ਹੈ - ਸਿਰਫ ਪੜ੍ਹਾਈ ਵਿੱਚ ਹੀ ਨਹੀਂ, ਸਗੋਂ ਆਪਣੀਆਂ ਸੁਣਨ ਦੀਆਂ ਲੋੜਾਂ ਦੀ ਵਕਾਲਤ ਕਰਨ ਦੀ ਆਪਣੀ ਯੋਗਤਾ ਵਿੱਚ ਵੀ। ਇਕ ਉੱਚਾ ਸੁਣਨ ਵਾਲੇ ਬੱਚੇ ਦੇ ਮਾਪੇ ਵਜੋਂ ਇਹ ਪਿਛਲਾ ਸਾਲ ਸਿਰਫ ਮਾਰਕਸ ਲਈ ਹੀ ਨਹੀਂ ਸਗੋਂ ਸਾਡੇ ਸਾਰੇ ਪਰਿਵਾਰ ਲਈ ਸਿੱਖਣ, ਸਥਿਤੀਆਂ ਦੇ ਅਨੁਕੂਲ ਬਣਨ ਅਤੇ ਤਰੱਕੀ ਕਰਨ ਦਾ ਸਫਰ ਸੀ।

## ਅਗੇਤੀ ਤਿਆਰੀ ਅਤੇ ਸਮਰਥਨ ਦੀ ਤਾਕਤ

ਸਾਡੀ ਖੁਸ਼ਕਿਸਮਤੀ ਸੀ ਕਿ ਮਾਰਕਸ ਵਲੋਂ ਕਿੰਡਰਗਾਰਟਨ ਸ਼ੁਰੂ ਕਰਨ ਤੋਂ ਪਹਿਲਾਂ 2024 ਦੀਆਂ ਗਰਮੀਆਂ ਵਿੱਚ ਸਾਨੂੰ ਐੱਫ ਐੱਮ ਸਿਸਟਮ ਮਿਲ ਗਿਆ। ਉਸ ਨੂੰ ਇਸ ਨੂੰ ਡੇਅਕੇਅਰ ਦੇ ਸਟਾਫ ਨਾਲ ਵਰਤਣ ਦਾ ਮੌਕਾ ਮਿਲਿਆ, ਜਿਸ ਨੇ ਉਸ ਨੂੰ ਇਸ ਬਾਰੇ ਪਹਿਲਾਂ ਜਾਣੂ ਹੋਣ ਦਾ ਮੌਕਾ ਦਿੱਤਾ। ਜਦੋਂ ਸਕੂਲ ਵਿੱਚ ਤਬਦੀਲ ਹੋਣ ਦਾ ਸਮਾਂ ਆਇਆ ਤਾਂ ਮੈਂ ਇਕ ਵਿਸ਼ੇਸ਼ ਬੇਨਤੀ ਕੀਤੀ: ਮੈਂ ਆਪਣੇ ਬੋਲੇ ਅਤੇ ਉੱਚਾ ਸੁਣਨ ਵਾਲਿਆਂ ਦੇ ਅਧਿਆਪਕ  ਭਾਵ ਟੀਚਰ ਆਫ ਦੀ ਡੈਫ ਐਂਡ ਹਾਰਡ ਆਫ ਹੀਅਰਿੰਗ (ਟੀ ਡੀ ਐੱਚ ਐੱਚ) ਨੂੰ ਮਾਰਕਸ ਦੀ ਕਿੰਡਰਗਾਰਟਨ ਵਿੱਚ ਦਾਖਲੇ ਦੀ ਇੰਟਰਵਿਊ ਸਮੇਂ ਹਾਜ਼ਰ ਹੋਣ ਲਈ ਬੇਨਤੀ ਕੀਤੀ।




## ਇਸ ਕਦਮ ਨੇ ਬਹੁਤ ਫਰਕ ਪਾਇਆ।

ਸਾਡੀ ਟੀ ਡੀ ਐੱਚ ਐੱਚ ਬਹੁਤ ਹੀ ਅਸਧਾਰਣ ਸੀ। ਉਸ ਨੇ ਇਹ ਯਕੀਨੀ ਬਣਾਇਆ ਕਿ ਐੱਫ ਐੱਮ ਸਿਸਟਮ ਸਹੀ ਤਰ੍ਹਾਂ ਸੈੱਟ ਕੀਤਾ ਗਿਆ ਸੀ ਅਤੇ ਉਸ ਨੇ ਕਲਾਸਰੂਮ ਦੇ ਸਟਾਫ ਨੂੰ ਇਸ ਬਾਰੇ ਸਿੱਖਿਅਤ ਕਰਨ ਲਈ ਸਮਾਂ ਕੱਢਿਆ। ਇਸ ਅਗੇਤੀ ਤਿਆਰੀ ਨੇ ਮਾਰਕਸ ਨੂੰ ਮਜ਼ਬੂਤ ਸ਼ੁਰੂਆਤ ਦਿੱਤੀ ਅਤੇ ਮੈਨੂੰ ਭਰੋਸਾ ਦਿਵਾਇਆ ਕਿ ਅਸੀਂ ਇਕ ਕਾਮਯਾਬ ਸਾਲ ਦੀ ਬੁਨਿਆਦ ਰੱਖ ਰਹੇ ਸੀ।

## ਇਕ ਸਹਿਯੋਗੀ ਟੀਮ ਬਣਾਉਣਾ

ਅਕਤੂਬਰ ਵਿੱਚ ਅਸੀਂ ਨਿੱਜੀ ਵਿਦਿਅਕ ਯੋਜਨਾ (ਇਨਡਿਵਿਜੂਅਲਾਈਜ਼ਡ ਐਜੂਕੇਸ਼ਨ ਪਲੈਨ -ਆਈ ਈ ਪੀ) ਬਣਾਉਣ ਲਈ ਆਪਣੀ ਪਹਿਲੀ ਮੀਟਿੰਗ ਕੀਤੀ। ਮੈਨੂੰ ਟੀ ਡੀ ਐੱਚ ਐੱਚ ਅਤੇ ਸਕੂਲ ਆਧਾਰਿਤ ਕੇਸ ਮੈਨੇਜਰ ਨੂੰ ਮਾਰਕਸ ਲਈ ਅਰਥ-ਭਰਪੂਰ ਉਦੇਸ਼ ਤਿਆਰ ਕਰਨ ਲਈ ਇਕੱਠੇ ਕੰਮ ਕਰਦਿਆਂ ਦੇਖ ਕੇ ਖੁਸ਼ੀ ਹੋਈ। ਕਿਉਂਕਿ ਮਾਰਕਸ ਦੀ ਪਹਿਲੀ ਭਾਸ਼ਾ ਕੈਂਟਨੀਜ਼ ਹੈ, ਇਸ ਲਈ ਉਸ ਨੂੰ ਅੰਗਰੇਜ਼ੀ ਸਿੱਖਣ ਲਈ ਸਹਾਇਤਾ (ਇੰਗਲਿਸ਼ ਲੈਂਗੂਏਜ ਲਰਨਰ ਸੁਪੋਰਟ - ਈ ਐੱਲ ਐੱਲ) ਵੀ ਮਿਲੀ, ਜਿਸ ਨੇ ਉਸ ਦੀ ਸ਼ਬਦਾਵਲੀ ਅਤੇ ਭਾਸ਼ਾ ਦੇ ਵਿਕਾਸ 'ਤੇ ਮਹੱਤਵਪੂਰਨ ਅਸਰ ਪਾਇਆ।


We acknowledge the financial support of the Province of British Columbia.

ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

# Supporting a Hard of Hearing Child Through Kindergarten: What I Learned as a Parent

By Stella Lee

ਸਾਲ ਵਿੱਚ ਇਕ ਸਮੇਂ ਮੈਂ ਦੇਖਿਆ ਕਿ ਸਹਾਇਤਾ ਕਰਨ ਵਾਲੇ ਵੱਖ ਵੱਖ ਅਧਿਆਪਕਾਂ (ਸੁਪੋਰਟ ਟੀਚਰਾਂ) ਵਿੱਚਕਾਰ ਸੰਚਾਰ ਵੱਖਰੀਆਂ ਦਿਸ਼ਾਵਾਂ ਵੱਲ ਜਾ ਰਿਹਾ ਜਾਪਦਾ ਸੀ। ਇਕ ਪੜਾਅ ’ਤੇ ਮਾਰਕਸ ਦੀ ਸਹਾਇਤਾ ਕਰਨ ਵਾਲੇ 3 ਅਧਿਆਪਕ ਸਨ, ਇਕ ਅਧਿਆਪਕ ਦੇ ਛੁੱਟੀ ’ਤੇ ਹੋਣ ਕਾਰਨ ਬਹੁਤੇ ਆਈ ਈ ਪੀ ਵਿੱਚ ਨਿਸ਼ਚਿਤ ਕੀਤੇ ਪੜ੍ਹਾਈ ਦੇ ਉਦੇਸ਼ਾਂ ਦਾ ਪਾਲਣ ਨਹੀਂ ਕਰ ਰਹੇ ਸਨ। ਇਸ ਤਰ੍ਹਾਂ ਚਲਦਾ ਰਹਿਣਾ ਦੇਣ ਦੀ ਥਾਂ ਮੈਂ ਆਪਣੇ ਟੀ ਡੀ ਐੱਚ ਐੱਚ ਨੂੰ ਇਕ ਈਮੇਲ ਭੇਜੀ। ਉਸ ਨੇ ਇਸ ’ਤੇ ਇਕ ਦਮ ਅਮਲ ਕੀਤਾ ਅਤੇ ਸਾਰਿਆਂ ਨੂੰ ਰਲ ਕੇ ਮਾਰਕਸ ਲਈ ਇਕ ਸਾਂਝੀ ਪਹੁੰਚ ਅਪਨਾਉਣ ਵੱਲ ਲਿਆਉਣ ਵਿੱਚ ਮਦਦ ਕੀਤੀ। ਉਸ ਤਜਰਬੇ ਨੇ ਮੈਨੂੰ ਸਿਖਾਇਆ ਕਿ ਆਪਣੇ ਲਈ ਬੋਲਣਾ – ਭਾਵੇਂ ਛੋਟੀ ਪੱਧਰ ’ਤੇ ਹੀ – ਵੱਡਾ ਫਰਕ ਪਾ ਸਕਦਾ ਹੈ।

## ਤਰੱਕੀ ਅਤੇ ਛੋਟੀਆਂ ਛੋਟੀਆਂ ਜਿੱਤਾਂ ਦਾ ਜਸ਼ਨ ਮਨਾਉਣਾ

ਜਦੋਂ ਜੂਨ ਵਿੱਚ ਆਈ ਈ ਪੀ ਦੇ ਸਾਲ ਦੇ ਅਖੀਰ ’ਤੇ ਹੋਣ ਵਾਲੇ ਰਿਵੀਊ ਦਾ ਸਮਾਂ ਆਇਆ ਤਾਂ ਮਾਰਕਸ ਵਲੋਂ ਸਮਾਜਕ ਅਤੇ ਪੜ੍ਹਾਈ ਨਾਲ ਸੰਬੰਧਿਤ ਕੀਤੀ ਤਰੱਕੀ ਬਾਰੇ ਸੁਣਨਾ ਉਤਸ਼ਾਹਿਤ ਕਰਨ ਵਾਲਾ ਸੀ। ਉਸ ਦੀਆਂ ਪ੍ਰਾਪਤੀਆਂ ਵਿੱਚੋਂ ਇਕ ਪ੍ਰਾਪਤੀ ’ਤੇ ਸਾਨੂੰ ਖਾਸ ਤੌਰ ’ਤੇ ਮਾਣ ਸੀ। ਇਹ ਪ੍ਰਾਪਤੀ ਸੀ ਕਿ ਉਸ ਨੇ ਆਪਣੇ ਲਈ ਵਕਾਲਤ ਕਰਨੀ ਸਿੱਖਣੀ ਸ਼ੁਰੂ ਕਰ ਦਿੱਤੀ ਸੀ। ਉਹ ਅਜੇ ਵੀ ਲਗਾਤਾਰਤਾ ਨਾਲ ਕਲਾਸਾਂ ਵਿਚਕਾਰ ਆਪਣੇ ਨਾਲ ਐੱਫ ਐੱਮ ਸਿਸਟਮ ਲਿਜਾਣ ਨੂੰ ਯਾਦ ਰੱਖਣ ’ਤੇ ਕੰਮ ਕਰ ਰਿਹਾ ਸੀ, ਪਰ ਉਹ ਇਹ ਜਾਣਦਾ ਸੀ ਕਿ ਉਸ ਸਮੇਂ ਕਿਵੇਂ ਗੱਲ ਕਰਨੀ ਹੈ ਜਦੋਂ ਉਸ ਦੀਆਂ ਹੀਅਰਿੰਗ ਏਡਾਂ ਜਾਂ ਸਾਜ਼ ਸਾਮਾਨ ਕੰਮ ਨਾ ਕਰ ਰਿਹਾ ਹੋਵੇ। ਪੰਜ ਸਾਲਾਂ ਦੇ ਬੱਚੇ ਲਈ ਇਹ ਇਕ ਵੱਡੀ ਪ੍ਰਾਪਤੀ ਸੀ।

## ਗਰਮੀਆਂ ਵਿੱਚ ਅਭਿਆਸ ਅਤੇ ਲਗਾਤਾਰ ਪੜ੍ਹਾਈ ਜਾਰੀ ਰੱਖਣਾ

ਮਾਰਕਸ ਨੇ ਜੁਲਾਈ ਵਿੱਚ ਬਰਨਬੀ ਸਮਰ ਸਕੂਲ ਵਿੱਚ ਪੜ੍ਹਾਈ ਕੀਤੀ ਜਿਸ ਨਾਲ ਉਸ ਨੂੰ ਅਜ਼ਾਦ ਤੌਰ ’ਤੇ ਐੱਫ ਐੱਮ ਸਿਸਟਮ ਦਾ ਪ੍ਰਬੰਧ ਕਰਨ ਦਾ ਹੋਰ ਅਭਿਆਸ ਹੋਇਆ। ਇਕ ਪਰਿਵਾਰ ਵਜੋਂ, ਅਸੀਂ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਲਈ ਕਿ ਸਮਰ ਸਕੂਲ ਦੇ ਸਟਾਫ ਨੂੰ ਪਤਾ ਹੋਵੇ ਕਿ ਸਾਜ਼ ਸਾਮਾਨ ਦੀ ਵਰਤੋਂ ਕਿਵੇਂ ਕਰਨੀ ਹੈ। ਪਹਿਲੇ ਦਿਨ ਅਸੀਂ ਐੱਫ ਐੱਮ ਸਿਸਟਮ ਲੈ ਕੇ ਆਏ ਅਤੇ ਮਾਰਕਸ ਨੂੰ ਯਾਦ ਕਰਾਇਆ ਕਿ ਲੰਚ ਤੋਂ ਬਾਅਦ ਇਸ ਨੂੰ ਆਪਣੇ ਅਗਲੇ ਅਧਿਆਪਕ ਨੂੰ ਦੇਣ ਦੀ ਜ਼ਿੰਮੇਵਾਰੀ ਉਸ ਦੀ ਹੈ। ਉਸ ਨੇ ਇਹ ਬਿਲਕੁਲ ਸਹੀ ਢੰਗ ਨਾਲ ਕੀਤਾ ਪਰ ਅਸੀਂ ਇਹ ਚੈੱਕ ਕਰਨਾ ਭੁੱਲ ਗਏ ਕਿ ਦਿਨ ਦੇ ਅਖੀਰ ’ਤੇ ਇਹ ਉਸ ਦੇ ਕੋਲ ਸੀ! ਪਰ ਉਸ ਦੇ ਦੁਪਹਿਰੋਂ ਬਾਅਦ ਵਾਲੇ ਅਧਿਆਪਕ ਨੇ ਇਹ ਦੇਖ ਲਿਆ ਅਤੇ ਐੱਫ ਐੱਮ ਨੂੰ ਵਾਪਸ ਸਵੇਰ ਵਾਲੇ ਅਧਿਆਪਕ ਕੋਲ ਭੇਜ ਦਿੱਤਾ, ਜਿਸ ਲਈ ਅਸੀਂ ਉਸ ਦੇ ਸ਼ੁਕਰਗੁਜ਼ਾਰ ਹਾਂ।

ਸਮਰ ਸਕੂਲ ਤੋਂ ਬਾਅਦ ਮਾਰਕਸ ਆਪਣੇ ਸਕੂਲ ਤੋਂ ਬਾਅਦ ਦੇ




ਸੰਭਾਲ ਕਰਨ ਵਾਲੇ (ਆਫਟਰ ਸਕੂਲ ਕੇਅਰ ਪ੍ਰੋਵਾਈਡਰ) ਰਾਹੀਂ ਕੈਂਪ ਵਿੱਚ ਸ਼ਾਮਲ ਹੋਇਆ। ਉਸ ਵਲੋਂ ਆਪਣੀਆਂ ਹੀਅਰਿੰਗ ਏਡਾਂ ਲਗਾਤਾਰ ਪਾਈ ਰੱਖਣ ਦੇ ਸੰਬੰਧ ਵਿੱਚ ਸਾਨੂੰ ਕੁੱਝ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਪਰ ਅਸੀਂ ਉਸ ਨੂੰ ਥੋੜ੍ਹੀ ਜਿਹੀ ਹੋਰ ਜ਼ਿੰਮੇਵਾਰੀ ਦੇ ਦਿੱਤੀ। ਉਸ ਨੂੰ ਪਤਾ ਸੀ ਕਿ ਉਹ ਉਹਨਾਂ ਨੂੰ ਆਪਣੇ ਕੇਸ ਵਿੱਚ ਰੱਖ ਸਕਦਾ ਸੀ ਅਤੇ ਜੇ ਉਸ ਨੇ ਉਹਨਾਂ ਨੂੰ ਲਾਹੁਣਾ ਹੋਵੇ ਤਾਂ ਉਸ ਨੂੰ ਇਸ ਬਾਰੇ ਕਿਸੇ ਬਾਲਗ ਨੂੰ ਦੱਸਣਾ ਪੈਣਾ ਸੀ। ਸਟਾਫ ਦੇ ਬਹੁਤ ਸਾਰੇ ਲੋਕ ਮਾਰਕਸ ਨੂੰ ਉਦੋਂ ਤੋਂ ਜਾਣਦੇ ਸਨ ਜਦੋਂ ਉਹ ਤਿੰਨ ਸਾਲਾਂ ਦਾ ਸੀ, ਜਿਸ ਕਾਰਨ ਅਸੀਂ ਨਿਸ਼ਚਿੰਤ ਸੀ- ਉਹ ਉਸ ਦੀਆਂ ਲੋੜਾਂ ਨੂੰ ਸਮਝਦੇ ਸੀ ਅਤੇ ਉਸ ਦਾ ਕੁਦਰਤੀ ਤੌਰ ’ਤੇ ਸਮਰਥਨ ਕਰਦੇ ਸਨ।

## ਗਰੇਡ 1 ਵਿੱਚ ਜਾਣ ਦੀ ਤਾਂਘ ਨਾਲ ਉਡੀਕ ਹੈ

ਜਦੋਂ ਅਸੀਂ ਗਰੇਡ 1 ਲਈ ਤਿਆਰੀ ਕਰ ਰਹੇ ਹਾਂ, ਮੈਂ ਇਹ ਸਿੱਖਿਆ ਹੈ ਕਿ ਉੱਚਾ ਸੁਣਨ ਵਾਲੇ ਬੱਚੇ ਦਾ ਸਮਰਥਨ ਕਰਨ ਦਾ ਮਤਲਬ ਸਿਸਟਮ ਵਿੱਚ ਭਰੋਸਾ ਕਰਨ ਅਤੇ ਆਪਣੀਆਂ ਲੋੜਾਂ ਦੀ ਲਗਾਤਾਰ ਵਕਾਲਤ ਕਰਨ ਵਿਚਕਾਰ ਸੰਤੁਲਨ ਕਾਇਮ ਕਰਨਾ ਹੈ। ਕਈ ਵਾਰੀ ਸਾਨੂੰ ਇਕ ਕਦਮ ਪਿੱਛੇ ਹਟਣ ਅਤੇ ਆਪਣੇ ਬੱਚਿਆਂ ਨੂੰ ਅਜ਼ਾਦ ਤੌਰ ’ਤੇ ਅਗਾਂਹ ਵਧਣ ਦੇਣ ਦੀ ਲੋੜ ਹੁੰਦੀ ਹੈ। ਹੋਰ ਮੌਕਿਆਂ ’ਤੇ ਸਾਨੂੰ ਅੱਗੇ ਹੋ ਕੇ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਉਹਨਾਂ ਦੀਆਂ ਲੋੜਾਂ ਦੀ ਪੂਰਤੀ ਹੋ ਰਹੀ ਹੈ – ਭਾਵੇਂ ਇਸ ਲਈ ਅਧਿਆਪਕਾਂ ਨਾਲ ਗੱਲ ਕਰਨ, ਸਾਜ਼ ਸਾਮਾਨ ਨੂੰ ਚੈੱਕ ਕਰਨ ਜਾਂ ਸਟਾਫ ਨੂੰ ਤਬਦੀਲੀਆਂ ਕਰਨ ਲਈ ਯਾਦ ਕਰਵਾਉਣ ਦੀ ਲੋੜ ਹੋਵੇ।

ਇਸ ਰਾਹ ’ਤੇ ਚੱਲਣ ਵਾਲੇ ਹੋਰ ਮਾਪਿਆਂ ਲਈ: ਆਪਣੀ ਕੁਦਰਤੀ ਸੂਝ ’ਤੇ ਭਰੋਸਾ ਕਰੋ, ਜਦੋਂ ਕੋਈ ਚੀਜ਼ ਠੀਕ ਨਾ ਲੱਗੇ ਤਾਂ ਉਸ ਬਾਰੇ ਗੱਲ ਕਰੋ ਅਤੇ ਸਫਰ ਦੌਰਾਨ ਹੋਣ ਵਾਲੀਆਂ ਛੋਟੀਆਂ ਛੋਟੀਆਂ ਜਿੱਤਾਂ ਦਾ ਜਸ਼ਨ ਮਨਾਉ। ਤੁਹਾਡਾ ਬੱਚਾ ਸਿਰਫ ਸੁਣਨਾ ਹੀ ਨਹੀਂ ਸਿੱਖ ਰਿਹਾ ਸਗੋਂ ਆਪਣੀ ਗੱਲ ਨੂੰ ਸੁਣਾਉਣਾ ਵੀ ਸਿੱਖ ਰਿਹਾ ਹੈ – ਅਤੇ ਇਸ ਜਾਚ ਨੂੰ ਉਮਰ ਭਰ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ।

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲ਼ੰਬੀਆ ਸੂਬੇ ਵਲੋਂ ਮਿਲ਼ੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।